# ਪ੍ਰੈਸ ਨੋਟ

ਮਾਨਯੋਗ ਸ੍ਰੀ ਸੰਦੀਪ ਸਰਮਾ ਐਸ.ਐਸ.ਪੀ.ਸਾਹਿਬ ਕਪੂਰਥਲਾ,ਸ: ਜਸਕਰਨਜੀਤ ਸਿੰਘ ਐਸ.ਪੀ ਡੀ ਸਾਹਿਬ ਕਪੂਰਥਲਾ ਜੀ ਦੇ ਦਿਸ਼ਾ ਨਿਰੇਦਸ਼,ਸ: ਗੁਰਮੀਤ ਸਿੰਘ ਕਿੰਗਰਾ ਉੱਪ ਪੁਲਿਸ ਕਪਤਾਨ ਸਬ ਡਵੀਜਨ ਕਪੂਰਥਲਾ ਅਤੇ ਸ੍ਰੀ ਵਰਿਆਮ ਸਿੰਘ ਉਪ ਪੁਲੀਸ ਕਪਤਾਨ ਸੁਲਤਾਨਪੁਰ ਲੋਧੀ ਕਪੂਰਥਲਾ ਜੀ ਦੀ ਹਦਾਇਤ ਅਨੁਸਾਰ ਮਾੜੇ ਅਨਸਰਾ ਖਿਲਾਫ ਵਿੱਢੀ ਮੁਹਿੰਮ ਨੂੰ ਉਸ ਵੇਲੇ ਭਾਰੀ ਸਫਲਤਾ ਮਿਲੀ ਜਦੋ ਇੰਸਪੈਕਟਰ ਹਰਗੁਰਦੇਵ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਕਪੂਰਥਲਾ ਨੇ ਨੇੜੇ ਪਿੰਡ ਬਹੂਈ ਕਪੂਰਥਲਾ ਸੁਲਤਾਨਪੁਰ ਰੋਡ ਪਰ ਮੁਖਬਰ ਖਾਸ ਵੱਲੋਂ ਮਿਲੀ ਇਤਲਾਹ ਅਨੁਸਾਰ ਅਤੇ SI ਸਰਬਜੀਤ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਦੇ ਸਮੇਤ ਪੁਲੀਸ ਪਾਰਟੀ ਸਪੈਸ਼ਲ ਨਾਕਾਬੰਦੀ ਅਤੇ ਚੈਕਿੰਗ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਏਰੀਆ ਮੇਨ ਰੋਡ ਬਹੂਈ ਕਪੂਰਥਲਾ ਤੋਂ ਸੁਲਤਾਨਪੁਰ ਰੋਡ ਮੋਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਮੰਗਤ ਰਾਮ ਵਾਸੀ ਪਿੰਡ ਕਮਰਾਵਾ ਥਾਣਾ ਭੁਲੱਥ,ਜਿਸਨੇ ਆਪਣੇ ਸਾਥੀਆਂ ਨਾਲ਼ ਮਿਲ ਕੇ ਭੋਗਪੁਰ ਰੋਡ ਤੋਂ ਕੈਸ ਵੈਨ ਵਿੱਚੋਂ ਕਰੋੜਾਂ ਰੁਪਏ ਦੀ ਡਕੈਤੀ ਕੀਤੀ ਹੈ ਅਤੇ ਲੁੱਟ ਕਰਨ ਸਮੇਂ ਆਪਣੇ ਪਿਸਤੌਲ ਨਾਲ਼ ਗੋਲੀਆਂ ਵੀ ਚਲਾਈਆਂ ਸਨ ਅਤੇ ਇਹ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਵੇਚਣ ਅਤੇ ਸਪਲਾਈ ਕਰਨ ਦਾ ਧੰਦਾ ਕਰਦਾ ਹੈ |ਅੱਜ ਵੀ ਆਪਣੇ ਸਾਥੀ ਕੁਲਦੀਪ ਉਰਫ ਯੋਧਾ ਪੁੱਤਰ ਅਰਜੁਨ ਸਿੰਘ ਵਾਸੀ ਬੂਸੋਵਾਲ ਥਾਣਾ ਕਬੀਰਪੁਰ ਨਾਲ਼ ਆਪਣੇ ਮੋਟਰ ਸਾਈਕਲ ਨੰਬਰੀ ਪੀ.ਬੀ.07-ਏ-3366 ਮਾਰਕਾ ਹੌਂਡਾ ਟਵੀਟਰ ਪਰ ਸਵਾਰ ਹੋ ਕੇ ਸੁਲਤਾਨਪੁਰ ਤੋਂ ਕਪੂਰਥਲਾ ਨੂੰ ਆ ਰਹੇ ਹਨ।ਜੋ ਦੋਵੇਂ ਜਣੇ ਆਪਣੇ ਮੋਟਰਸਾਈਕਲ ਦੇ ਅੱਗੇ ਟੈਂਕੀ ਪਰ ਇੱਕ ਕਾਲੇ ਰੰਗ ਦਾ ਕਿੱਟ ਬੈਗ ਰੱਖੀ ਸੁਲਤਾਨਪੁਰ ਦੀ ਤਰਫੋਂ ਆ ਰਹੇ ਹਨ।ਇਤਲਾਹ ਪ੍ਰਾਪਤ ਹੋਣ ਪਰ ਇੰਨਸਪੈਕਟਰ ਹਰਗੁਰਦੇਵ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਕਪੂਰਥਲ਼ਾ ਸਮੇਤ SI ਸਰਬਜੀਤ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਨੇ ਆਪਣੀ ਪੁਲਿਸ ਪਾਰਟੀ ਸਮੇਤ ਨਾਕਾਬੰਦੀ ਕਰਕੇ ਮੇਨ ਰੋਡ ਬਹੂਈ ਤੋਂ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਉਸਦੇ ਸਾਥੀ ਕੁਲਦੀਪ ਸਿੰਘ ਯੋਧਾ ਨੂੰ ਕਾਬੂ ਕੀਤਾ ਅਤੇ ਮੁਕੱਦਮਾ ਨੰਬਰ 346 ਮਿਤੀ 19-11-17 ਅ/ਧ 22-61-85 ਐਨ.ਡੀ.ਪੀ.ਐਸ.ਐਕਟ 25-54-59 ਅਸਲਾ ਐਕਟ ਥਾਣਾ ਕੋਤਵਾਲੀ ਕਪੂਰਥਲਾ ਦਰਜ ਰਜਿਸ਼ਟਰ ਕੀਤਾ ਗਿਆ,ਦੌਰਾਨੇ ਪੁੱਛਗਿੱਛ ਗੁਰਪ੍ਰੀਤ ਸਿੰਘ ਉਰਫ ਗੋਪੀ ਨੇ ਦੱਸਿਆ ਕਿ ਉਸਨੇ ਅਤੇ ਉਸਦੇ ਸਾਥੀਆਂ ਜਿਹਨਾਂ ਵਿੱਚ

1.ਸਤਿੰਦਰਪਾਲ ਸਿੰਘ ਉਰਫ ਹੈਪੀ ਪੁੱਤਰ ਗੁਰਦੀਪ ਸਿੰਘ ਵਾਸੀ ਨਡਾਲਾ ਥਾਣਾ ਸੁਭਾਨਪੁਰ

2.ਸੁਖਵਿੰਦਰਪਾਲ ਸਿੰਘ ਉਰਫ ਨਿੰਮਾ ਪੁੱਤਰ ਬੂਟਾ ਸਿੰਘ ਵਾਸੀ ਲੱਖਣ ਖੋਲੇ ਥਾਣਾ ਸੁਭਾਨਪੁਰ

3.ਜਸਕਰਨ ਸਿੰਘ ਉਰਫ ਬਾਊ ਪੁੱਤਰ ਬਲਵਿੰਦਰ ਸਿੰਘ ਵਾਸੀ ਹਰਚੋਵਾਲ

4.ਸੁਖਦੇਵ ਸਿੰਘ ਉਰਫ ਸੋਨੂੰ ਪੁੱਤਰ ਕਸ਼ਮੀਰ ਸਿੰਘ ਵਾਸੀ ਡਾਲਾ ਥਾਣਾ ਭਲੱਥ

5.ਹਰਦੀਪ ਸਿੰਘ ਉਰਫ ਦੀਪਾ ਉਰਫ ਮਨੋਜ ਕੁਮਾਰ ਪੁੱਤਰ ਸਵਰਨ ਸਿੰਘ ਵਾਸੀ ਲਖਣ ਕਲਾਂ

6.ਰਣਜੀਤ ਸਿੰਘ

ਇਹਨਾਂ ਸਾਰਿਆਂ ਨੇ ਮਿਲ ਕੇ ਭੋਗਪੁਰ ਰੋਡ ਜਲੰਧਰ ਤੋਂ ਬੈਂਕ ਦੀ ਕੈਸ਼ ਵੈਨ ਵਿੱਚੋਂ ਇੱਕ ਕਰੋੜ 14 ਲੱਖ ਰੁਪਏ ਦੀ ਮਿਤੀ 10-11-17 ਨੂੰ ਲੁੱਟ ਕੀਤੀ ਸੀ।

ਬ੍ਰਾਮਦਗੀ :-

**ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਮੰਗਤ ਰਾਮ ਵਾਸੀ ਪਿੰਡ ਕਮਰਾਵਾ ਥਾਣਾ ਭੁਲੱਥ**

1.ਕੈਸ਼ ਵੈਨ ਵਿੱਚੋਂ ਲੁੱਟੇ 10 ਲੱਖ 80,000/- ਦੇ ਭਾਰਤੀ ਕਰੰਸੀ ਨੋਟ

2.12 ਬੋਰ ਦਾ ਦੇਸੀ ਰਿਵਾਲਵਰ ਸਮੇਤ 2 ਜਿੰਦਾ ਰੌਂਦ

3.ਮੋਟਰਸਾਈਕਲ ਨੰਬਰੀ ਪੀ.ਬੀ.07-ਏ-3368 ਮਾਰਕਾ ਹਾਂਡਾ ਟਵਿਸਟਰ

4.400 ਨਸ਼ੀਲੇ ਕੈਪਸੂਲ

**ਕੁਲਦੀਪ ਉਰਫ ਯੋਧਾ ਪੁੱਤਰ ਅਰਜੁਨ ਸਿੰਘ ਵਾਸੀ ਬੂਸੋਵਾਲ ਥਾਣਾ ਕਬੀਰਪੁਰ**

1.200 ਨਸ਼ੀਲੇ ਕੈਪਸੂਲ

ਨੋਟ:-ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਮੰਗਤ ਰਾਮ ਵਾਸੀ ਪਿੰਡ ਕਮਰਾਵਾ ਥਾਣਾ ਭੁਲੱਥ ਜਿਲਾ ਕਪੂਰਥਲਾ ਮੁਕੱਦਮਾ ਨੰਬਰ 229 ਮਿਤੀ 10-11-2017 ਅ/ਧ 395,307,ਭ:ਦ:25-54-59 ਅਸਲਾ ਐਕਟ ਥਾਣਾ ਭੋਗਪੁਰ ਜਿਲਾ ਜਲੰਧਰ ਵਿੱਚ ਅਤੇ ਮੁਕੱਦਮਾ ਨੰਬਰ 68ਮਿਤੀ 08-06-16 ਅ/ਧ 302 ਥਾਣਾ ਭੋਗਪੁਰ ਜਿਲਾ ਜਲੰਧਰ ਵਿੱਚ ਜਲੰਧਰ ਪੁਲਿਸ ਨੂੰ ਲੋੜੀਂਦਾ ਹੈ ਇਸ ਮੁਕੱਦਮੇ ਵਿੱਛ ਗੁਰਪ੍ਰੀਤ ਸਿੰਘ ਉਰਫ ਗੋਪੀ ਨੇ ਆਪਣੇ ਸਾਥੀਆਂ ਸਮੇਤ ਬਾਬਾ ਬਾਲਕ ਨਾਥ ਡੇਰਾ ਬੜਚੂਈ ਡੇਰੇ ਦੇ ਸੰਚਾਲਕ ਬਾਬਾ ਪ੍ਰੀਤਮ ਸਿੰਘ ਦੀ ਹੱਤਿਆ ਕੀਤੀ ਸੀ।

